# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 89 /ਕਾਲਜ/ਸ- 6
ਮਿਤੀ 5/4/2024

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਲਾਅ ਕਾਲਜਾਂ ਦੇ, ਚੇਅਰਮੈਨ/ਪ੍ਰਿੰਸੀਪਲ ਸਾਹਿਬਾਨਾਂ ਨੂੰ
ਅਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਵਿਖੇ ਚਲਦੇ ਲਾਅ ਕੋਰਸ ਲਈ
ਪ੍ਰਿੰਸੀਪਲ ਸਾਹਿਬ ਨੂੰ

ਵਿਸ਼ਾ:- ਸੈਸ਼ਨ 2024-25 ਲਈ ਸਬੰਧਤ ਲਾਅ ਕਾਲਜਾਂ ਵਿਖੇ ਚਲਦੇ ਲਾਅ ਕੋਰਸਾਂ ਲਈ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਨ ਸਮੇਂ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਪੂਰਤੀ ਸਬੰਧੀ।

ਸੈਸ਼ਨ 2024-25 ਲਈ ਪੰਜਾਬ ਰਾਜ ਦੇ ਲਾਅ ਕਾਲਜਾਂ ਵਿਖੇ ਚਲਦੇ ਲਾਅ ਕੋਰਸਾਂ ਦੇ ਐਂਟਰੀ ਪੁਆਇੰਟ/ਭਾਗ ਪਹਿਲਾ ਦੇ ਦਾਖਲਿਆਂ ਲਈ ਜਾਰੀ ਨੋਟੀਫਿਕੇਸ਼ਨ ਦੀ ਲੋਅ ਵਿੱਚ ਕੋਆਰਡੀਨੇਟਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਜਾਰੀ ਪੱਤਰ ਅਨੁਸਾਰ ਸਬੰਧਤ ਲਾਅ ਕਾਲਜਾਂ ਵੱਲੋਂ ਡੀਨ ਕਾਲਜ ਵਿਕਾਸ ਕੌਂਸਲ ਤੋਂ ਮੈਨਡੇਟਰੀ ਪ੍ਰੋਫਾਰਮਾ ਤਸਦੀਕ ਕਰਵਾ ਕੇ ਦਿੱਤਾ ਜਾਣਾ ਹੈ।

ਇਸ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਸਬੰਧਤ ਲਾਅ ਕਾਲਜਾਂ ਵਿਖੇ ਨਿਯਮਾਂ ਅਨੁਸਾਰ ਰੈਗੂਲਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦਾ2/3 ਹਿੱਸਾ ਰੈਗੂਲਰ ਹੋਣਾ ਲਾਜ਼ਮੀ ਹੈ।

ਜਿਨ੍ਹਾਂ ਲਾਅ ਕਾਲਜਾਂ ਵਿਖੇ ਲੋੜੀਂਦਾ ਟੀਚਿੰਗ ਸਟਾਫ ਨਿਯਮਾਂ ਅਨੁਸਾਰ ਨਹੀ ਹੈ, ਉਹਨਾਂ ਕਾਲਜਾਂ ਵੱਲੋਂ ਹਲਫੀਆ ਬਿਆਨ/ਅੰਡਰਟੇਕਿੰਗ ਨੋਟਰੀ ਤੋਂ ਤਸਦੀਕ ਕਰਵਾ ਕੇ ਦਿੱਤੀ ਜਾਵੇ ਕਿ ਚੋਣ ਜਾਬਤਾ ਖਤਮ ਹੋਣ ਤੋਂ ਤੁਰੰਤ ਬਾਅਦ (15 ਦਿਨ੍ਹਾਂ ਦੇ ਅੰਦਰ ਅੰਦਰ ਮਿਤੀ 20.6.2024 ਤੱਕ) ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਕਰਵਾ ਕੇ ਲੋੜੀਂਦੇ ਤਸਦੀਕਸ਼ੁਦਾ ਦਸਤਾਵੇਜ਼ਾਂ ਸਮੇਤ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ ਇਹ ਹਲਫੀਆ ਬਿਆਨ/ਅੰਡਰਟੇਕਿੰਗ ਪ੍ਰਾਪਤ ਹੋਣ ਉਪਰੰਤ ਹੀ ਸੈਸ਼ਨ 2024-25 ਲਈ ਮੈਨਡੇਟਰੀ ਪ੍ਰੋਫਾਰਮਾ ਅਤੇ ਲੋੜੀਂਦਾ ਸਬੰਧਤਾ ਪੱਤਰ ਜਾਰੀ ਕੀਤਾ ਜਾਵੇਗਾ।

ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਉਪਰੋਕਤ ਦਰਸਾਈ ਸਥਿਤੀ ਦੇ ਸਬੰਧ ਵਿੱਚ ਬਣਦੀ ਕਾਰਵਾਈ ਕਰਨ ਵਿੱਚ ਕੋਈ ਦੇਰੀ ਹੁੰਦੀ ਹੈ ਜਾਂ ਕਿਸੇ ਵੀ ਕਿਸਮ ਦੀ ਕੋਈ ਵੀ ਕਾਨੂੰਨੀ ਅੜਚਨ/ਉਲਝਣ ਪੈਦਾ ਹੁੰਦੀ ਹੈ ਤਾਂ ਇਸਦੀ ਸਾਰੀ ਦੀ ਸਾਰੀ ਜਿੰਮੇਵਾਰੀ ਕਾਲਜ ਮੈਨੇਜਮੈਂਟ/ਸੰਸਥਾ/ਟਰੱਸਟ ਦੀ ਆਪਣੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

05.04.24
ਡੀਨ, ਕਾਲਜ ਵਿਕਾਸ ਕੌਂਸਲ